## ਭਗਤ ਨਾਮਦੇਵ - ਸਬਦ ੨੦

## ਮੈ ਅੰਧੁਲੇ ਕੀ ਟੇਕ ਤੇਰਾ ਨਾਮੁ ਖੁੰਦਕਾਰਾ ॥

ਰਾਗੁ ਤਿਲੰਗ, ਭਗਤ ਨਾਮਦੇਵ, ਗੁਰੂ ਗ੍ਰੰਥ ਸਾਹਿਬ, ੭੨੭

ਮੈ ਅੰਧੁਲੇ ਕੀ ਟੇਕ ਤੇਰਾ ਨਾਮੁ ਖੁੰਦਕਾਰਾ ॥

ਮੈ ਗਰੀਬ ਮੈ ਮਸਕੀਨ ਤੇਰਾ ਨਾਮੁ ਹੈ ਅਧਾਰਾ ॥੧॥ ਰਹਾਉ ॥

ਕਰੀਮਾਂ ਰਹੀਮਾਂ ਅਲਾਹ ਤੂ ਗਨੀ ॥

ਹਾਜਰਾ ਹਜੂਰਿ ਦਰਿ ਪੇਸਿ ਤੂੰ ਮਨੀ ॥੧॥

ਦਰੀਆਉ ਤੂ ਦਿਹੰਦ ਤੂ ਬਿਸੀਆਰ ਤੂ ਧਨੀ ॥

ਦੇਹਿ ਲੇਹਿ ਏਕੁ ਤੂੰ ਦਿਗਰ ਕੋ ਨਹੀ ॥੨॥

ਤੂੰ ਦਾਨਾਂ ਤੂੰ ਬੀਨਾਂ ਮੈ ਬੀਚਾਰੁ ਕਿਆ ਕਰੀ ॥

ਨਾਮੇ ਚੇ ਸੁਆਮੀ ਬਖਸੰਦ ਤੂੰ ਹਰੀ ॥੩॥੧॥੨॥

ਸਾਰ: ਹਉਮੈ ਵਿਚ ਸੱਚ ਨੂੰ ਵੇਖਣ ਵਾਲੀ ਦ੍ਰਿਸ਼ਟੀ ਦੀ ਘਾਟ ਹੁੰਦੀ ਹੈ। ਸਪਸ਼ਟਤਾ ਉਦੋਂ ਪੈਦਾ ਹੁੰਦੀ ਹੈ ਜਦੋਂ ਅਸੀਂ ਆਪਣੇ ਅੰਦਰ ਵੱਸਣ ਵਾਲੀ ਚੇਤਨਤਾ ਦਾ ਸਹਾਰਾ ਸਦੀਵੀ ਤੌਰ 'ਤੇ ਲੈਂਦੇ ਹਾਂ। ਇਹ ਸੂਝ ਸਾਧਕ ਅਤੇ ਸੱਚ ਦੇ ਵਿਚਕਾਰ ਪਈ ਦੂਰੀ ਦੇ ਭਰਮ ਨੂੰ ਖਤਮ ਕਰ ਦਿੰਦੀ ਹੈ। ਜਾਗਰੂਕਤਾ ਦੂਰ ਪਈ ਕੋਈ ਵਸਤ ਨਹੀਂ ਜਿਸ ਨੂੰ ਪ੍ਰਾਪਤ ਕਰਨ ਦੀ ਲੋੜ ਹੁੰਦੀ ਹੈ, ਪਰ ਇਹ ਤਾਂ ਸ਼ਾਂਤ ਹਾਜ਼ਰਤਾ ਹੈ ਜਿਸ ਵਿਚ ਸਾਰੇ ਅਨੁਭਵ ਸਹਿਜ ਰੂਪ ਵਿਚ ਵਰਤਦੇ ਹਨ। ਜਿਵੇਂ ਅੱਖਾਂ ਜੋ ਆਪਣੇ ਆਪ ਨੂੰ ਨਹੀਂ ਦੇਖ ਸਕਦੀਆਂ ਪਰ ਸਭ ਕੁਝ ਦੇਖਣਾ ਸੰਭਵ ਬਣਾਉਂਦੀਆਂ ਹਨ, ਜਗਿਆਸੂ ਕਦੇ ਵੀ ਜਾਗਰੂਕਤਾ ਤੋਂ ਵੱਖ ਨਹੀਂ ਹੁੰਦਾ। ਜਦੋਂ ਅਸੀਂ ਇਕ ਬਾਹਰੀ ਵਸਤ ਵਜੋਂ ਜਾਗਰੂਕਤਾ ਦੀ ਭਾਲ ਕਰਨੀ ਬੰਦ ਕਰ ਦਿੰਦੇ ਹਾਂ, ਤਾਂ ਇਹ ਆਪਣੇ ਆਪ ਨੂੰ ਸਾਡੀ ਹੋਂਦ ਦੇ ਤੱਤਸਾਰ ਵਜੋਂ ਪ੍ਰਗਟ ਕਰਦੀ ਹੈ। ਇਸ ਤਰ੍ਹਾਂ, ਅਨੁਭਵ ਖੋਜ ਨਹੀਂ ਹੈ, ਸਗੋਂ ਉਸ ਸਤਾ ਦੀ ਪਛਾਣ ਹੈ ਜੋ ਸਾਡੇ ਅੰਦਰ ਹਮੇਸ਼ਾਂ ਵੱਸਦੀ ਹੈ।

ਮੈ ਅੰਧੁਲੇ ਕੀ ਟੇਕ ਤੇਰਾ ਨਾਮੁ ਖੁੰਦਕਾਰਾ ॥

ਜਦੋਂ ਮੇਰੇ ਅੰਦਰ ਦੂਰਦਰਸ਼ਤਾ ਨਹੀਂ ਹੁੰਦੀ, ਹੇ ਸਰਬਵਿਆਪੀ ਚੇਤਨਾ, ਤੁਹਾਡਾ ਚਿੰਤਨ ਮੇਰਾ ਆਸਰਾ ਬਣ ਜਾਂਦਾ ਹੈ। ਇਹ ਭਾਵ ਦਰਸਾਉਂਦਾ ਹੈ ਕਿ ਹਉਮੈਂ ਅੰਦਰ ਸੱਚ ਨੂੰ ਗ੍ਰਹਿਣ ਕਰਨ ਦੀ ਸੂਝ ਨਹੀਂ ਹੁੰਦੀ, ਸਪਸ਼ਟਤਾ ਦਾ ਉਭਾਰ ਉਦੋਂ ਹੁੰਦਾ ਹੈ ਜਦੋਂ ਅਸੀਂ ਆਪਣੇ ਅੰਦਰ ਵਸਦੀ ਚੇਤਨਾ ਦਾ ਸਹਾਰਾ ਲੈਂਦੇ ਹਾਂ।

ਮੈ ਗਰੀਬ ਮੈ ਮਸਕੀਨ ਤੇਰਾ ਨਾਮੁ ਹੈ ਅਧਾਰਾ ॥੧॥ ਰਹਾਉ ॥

ਮੈਂ ਨਿਰਬਲ ਅਤੇ ਨਿਮਰ ਹਾਂ; ਹੇ ਸਰਬਵਿਆਪੀ ਚੇਤਨਾ ਤੇਰਾ ਚਿੰਤਨ ਹੀ ਮੇਰਾ ਸਹਾਰਾ ਹੈ। ਇਹ ਭਾਵ ਉਸ ਅਵਸਥਾ ਵੱਲ ਇਸ਼ਾਰਾ ਕਰਦਾ ਹੈ ਜਿਸ ਵਿਚ ਜਗਿਆਸੂ ਜਾਣ ਲੈਂਦਾ ਹੈ ਕਿ ਅਸਲ ਸਥਿਰਤਾ ਸਿਰਫ਼ ਕੁਦਰਤ ਦੇ ਸਰਬਵਿਆਪੀ ਵਿਧਾਨ ਨਾਲ ਇਕਸੁਰਤਾ ਕਾਇਮ ਕਰਨ ਨਾਲ ਹੀ ਮਿਲਦੀ ਹੈ। (੧)(ਠਹਿਰਾਉ)

ਕਰੀਮਾਂ ਰਹੀਮਾਂ ਅਲਾਹ ਤੂ ਗਨੀ ॥

ਤੁਸੀਂ ਕਰੁਣਾਮਈ, ਦਇਆਲੂ ਅਤੇ ਸਰਬਵਿਆਪੀ ਪੂਰਨਤਾ ਦਾ ਸਰੋਤ ਹੈਂ। ਇਹ ਅੰਤਰ-ਆਤਮਾ ਨੂੰ ਇਕ ਸੀਮਿਤ ਇਕਾਈ ਵਜੋਂ ਨਹੀਂ, ਬਲਕਿ ਭਰਪੂਰਤਾ ਦੇ ਸਰੋਤ ਵਜੋਂ ਦਰਸਾਉਂਦਾ ਹੈ।

ਹਾਜਰਾ ਹਜੂਰਿ ਦਰਿ ਪੇਸਿ ਤੂੰ ਮਨੀ ॥੧॥

ਜੋ ਸਦ-ਹਾਜ਼ਰ ਅਤੇ ਮੇਰੇ ਕੋਲ ਹੈ, ਹਰ ਦਹਿਲੀਜ਼ 'ਤੇ, ਮੇਰੇ ਅੰਦਰ ਅਤੇ ਮੇਰੇ ਸਾਹਮਣੇ ਵੀ। ਇਹ ਭਾਵ ਸਾਡੀ ਅੰਤਰ-ਆਤਮਾ ਨੂੰ ਕਿਸੇ ਦੂਰ-ਦੁਰਾਡੇ ਦੀ ਵਸਤ ਨਹੀਂ ਸਗੋਂ ਸਾਡੀ ਹਕੀਕਤ ਦੇ ਗਵਾਹ ਵਜੋਂ ਦਰਸਾਉਂਦਾ ਹੈ। (੧)

ਦਰੀਆਉ ਤੂ ਦਿਹੰਦ ਤੂ ਬਿਸੀਆਰ ਤੂ ਧਨੀ ॥

ਤੁਸੀਂ ਵਿਸ਼ਾਲਤਾ ਦਾ ਸਾਰ ਹੋ, ਉਦਾਰਤਾ ਦਾ ਰੂਪ ਹੋ, ਅਨੰਤਤਾ ਦਾ ਸਿਧਾਂਤ ਅਤੇ ਭਰਪੂਰਤਾ ਦੀ ਭਾਵਨਾ ਹੋ। ਇਹ ਭਾਵ ਉਸ ਸਰਬਵਿਆਪੀ ਸਤਾ ਨੂੰ ਦਰਸਾਉਂਦਾ ਹੈ ਜੋ ਆਪ ਹੀ ਸਰੋਤ ਹੈ, ਆਪ ਹੀ ਗ੍ਰਹਿਣ ਕਰਨ ਵਾਲੀ ਹੈ, ਅਤੇ ਸਾਰੀ ਹੋਂਦ ਦਾ ਮੂਲ ਤੱਤਸਾਰ ਵੀ।

ਦੇਹਿ ਲੇਹਿ ਏਕੁ ਤੂੰ ਦਿਗਰ ਕੋ ਨਹੀ ॥੨॥

ਤੁਸੀ ਆਪ ਹੀ ਦੇਣ ਵਾਲੇ ਅਤੇ ਆਪ ਹੀ ਲੈਣ ਵਾਲੇ ਹੋ; ਤੇਰੇ ਤੋਂ ਬਿਨਾ ਹੋਰ ਕੋਈ ਵਸਤ ਨਹੀਂ। ਇਹ ਭਾਵ ਅਦਵੈਤ ਦੀ ਅਵਸਥਾ ਨੂੰ ਦਰਸਾਉਂਦਾ ਹੈ, ਬ੍ਰਹਿਮੰਡ ਵਿਚ ਆਉਣ-ਜਾਣ ਵਾਲੀ ਊਰਜਾ ਉਸੇ ਇਕ ਸਰੂਪ ਦਾ ਹੀ ਵੇਗ ਹੈ। (੨)

ਤੂੰ ਦਾਨਾਂ ਤੂੰ ਬੀਨਾਂ ਮੈ ਬੀਚਾਰੁ ਕਿਆ ਕਰੀ ॥

ਤੁਸੀਂ ਆਪ ਹੀ ਜਾਣਨ ਵਾਲੇ ਅਤੇ ਆਪ ਹੀ ਦੇਖਣ ਵਾਲੇ ਹੋ; ਮੇਰੀ ਸੀਮਿਤ ਬੁੱਧੀ ਇਸ ਬਾਰੇ ਕੀ ਵਿਚਾਰ ਕਰ ਸਕਦੀ ਹੈ? ਇਹ ਭਾਵ ਸਵੀਕਾਰ ਕਰਦਾ ਹੈ ਕਿ ਹਉਮੈਂ ਕੇਂਦਰਿਤ ਬੁੱਧੀ ਜਾਗਰੂਕਤਾ ਦੇ ਮੂਲ ਤੱਤਸਾਰ ਨੂੰ ਨਹੀਂ ਸਮਝ ਸਕਦੀ।

ਨਾਮੇ ਚੇ ਸੁਆਮੀ ਬਖਸੰਦ ਤੂੰ ਹਰੀ ॥੩॥੧॥੨॥

ਨਾਮਦੇਵ ਕਹਿੰਦੇ ਹਨ ਕਿ ਉਨ੍ਹਾਂ ਦਾ ਮਾਲਕ ਉਹ ਦਾਤਾ ਹੈ, ਜੋ ਸਰਬਵਿਆਪੀ ਬਿਬੇਕ ਨੂੰ ਮੂਰਤੀਮਾਨ ਕਰਦਾ ਹੈ। ਇਹ ਭਾਵ ਇਸ ਤੱਥ ਵੱਲ ਇਸ਼ਾਰਾ ਕਰਦਾ ਹੈ ਕਿ ਬਿਬੇਕ ਪ੍ਰਾਪਤ ਕਰਨ ਲਈ ਸਵੈ-ਕਿਰਪਾ ਉਹ ਦਾਤ ਹੈ ਜੋ ਸਰਬਵਿਆਪੀ ਊਰਜਾ ਨਾਲ ਇਕਸੁਰਤਾ ਨੂੰ ਮੁੜ ਬਹਾਲ ਕਰ ਦਿੰਦੀ ਹੈ। (੩)(੧)(੨)

ਤੱਤ**:** ਭਗਤ ਨਾਮਦੇਵ ਕੋਮਲ ਅਤੇ ਦਿਲ ਦੀ ਗਹਿਰਾਈ ਤੋਂ ਇਕ ਅਜਿਹੀ ਬੋਲੀ ਬੋਲਦੇ ਹਨ, ਜੋ ਸਾਡੇ ਮਨ ਦੀਆਂ ਕਮੀਆਂ ਅਤੇ ਉਸ ਰੂਹਾਨੀ ਸੱਖਣੇਪਣ ਨੂੰ ਪਹਿਚਾਣਦੀ ਹੈ ਜੋ ਸਾਡੇ ਵਿਚੋਂ ਬਹੁਤ ਸਾਰੇ ਮਹਿਸੂਸ ਕਰਦੇ ਹਨ। ਇਹਨਾਂ ਸੱਚਾਈਆਂ ਨੂੰ ਖੁੱਲ੍ਹ ਕੇ ਸਵੀਕਾਰ ਕਰਕੇ, ਉਹ ਸਾਨੂੰ ਖ਼ੁਦ 'ਤੇ ਦਇਆ ਕਰਨ ਲਈ ਉਤਸ਼ਾਹਿਤ ਕਰਦੇ ਹਨ ਜੋ ਸਾਨੂੰ ਆਪਣੇ ਦੁਆਲੇ ਪਸਰੀ ਵਿਸ਼ਵਵਿਆਪੀ ਹਾਜ਼ਰਤਾ ਨਾਲ ਇਕਸੁਰ ਕਰਦੀ ਹੈ। ਉਹ ਸਾਨੂੰ ਆਪਣੀ ਹਉਮੈ-ਕੇਂਦਰਿਤ ਬੁੱਧੀ ਨੂੰ ਛੱਡਣ ਦੀ ਚੁਣੌਤੀ ਦਿੰਦੇ ਹਨ, ਇਹ ਸਵੀਕਾਰ ਕਰਦੇ ਹੋਏ ਕਿ ਸਾਡਾ ਵਿਸ਼ਲੇਸ਼ਣਾਤਮਕ ਮਨ ਹੋਂਦ ਦੇ ਤੱਤਸਾਰ ਨੂੰ ਪੂਰੀ ਤਰ੍ਹਾਂ ਨਹੀਂ ਸਮਝ ਸਕਦਾ। ਸਮਰਪਣ ਰਾਹੀਂ, ਅਸੀਂ ਸਾਦਗੀ ਵੱਲ ਵਾਪਸ ਪਰਤ ਆਉਂਦੇ ਹਾਂ, ਜਿੱਥੇ ਸੂਝ ਕਿਸੇ ਮਜ਼ਬੂਰੀ ਹੇਠ ਨਹੀਂ ਸਗੋਂ ਕ੍ਰਿਪਾ ਰਾਹੀਂ ਕੁਦਰਤੀ ਤੌਰ 'ਤੇ ਪ੍ਰਗਟ ਹੁੰਦੀ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: **[OnenessInDiversity.com](OnenessInDiversity.com)**

ਈਮੇਲ: **onenessindiversityfoundation@gmail.com**